# ਸ਼ੁਭ ਸੰਦੇਸ਼ ਨਵੀਆਂ ਜਗਾਵਾਂ ਤੇ ਜਾਂਦਾ ਹੈ

ਬੱਚਿਆਂ ਨੂੰ ਪਹਿਲੇ ਧਰਮ ਪ੍ਰਚਾਰਕਾ ਨਾਲ ਪਛਚਾਣ ਕਰਾਉ।



ਬੱਚਿਆਂ ਨੂੰ ਸਿਖਾਣ ਵਾਸਤੇ ਕੋਈ ਵੀ ਗਤੀਵਿਧੀ ਚੁਣ ਲਉ।

ਇੱਕ ਵੱਡਾ ਬੱਚਾ ਜਾ ਅਧਿਆਪਕ ਪੜੇ ਜਾ ਕਹਾਣੀ ਦੱਸੇ ਕਿਵੇ ਅੰਤਾਕੀਆ ਦੇ ਗਿਰਜੇ ਨੇ ਧਰਮ ਪ੍ਰਚਾਰਕਾਂ ਨੂੰ ਭੇਜਿਆ (ਰਸੂੰਲਾਂ ਦੇ ਕਰਤਬ 13:1-16 ਅਤੇ 32-52) ਦੱਸੋ ਕਿਵੇ ਕਲੀਸੀਆਂ ਨੇ ਬਰਨਾਬਾਸ ਅਤੇ ਪੌਲੁਸ ਨੂੰ ਯਿਸ਼ੂ ਦੇ ਸ਼ੁੱਭ ਸਮਾਚਾਰਜ ਨੂੰ ਹੋਰਾਂ ਜਗਾਵਾਂ ਲੈ ਕੇ ਭੇਜਿਆ।

ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ। ਉੱਤਰ ਪ੍ਰਸ਼ਨ ਦੇ ਬਾਦ ਵਿੱਚ ਹੈ।

- ਵਿਸ਼ਵਾਸੀ ਕੀ ਕਰ ਰਹੇ ਸਨ, ਜਦੋਂ ਪਰਮੇਸ਼ਵਰ ਨੇ ਸੈਲੂਸ ਅਤੇ ਬਰਨਾਬਾਸ ਨੂੰ ਵੱਖ ਕਰਨ ਲਈ ਕਿਹਾ? ਆਇਤ 2 ਦੇਖੋ
- ਵਿਸ਼ਵਾਸੀਆਂ ਨੇ ਸੇਲੂਸ ਅਤੇ ਬਰਨਾਬਾਸ ਨੂੰ ਆਪਣੇ ਧਰਮ ਪ੍ਰਚਾਰਕ ਸਮੂੰਹ ਭੇਜਣ ਤੋ ਪਹਿਲਾਂ ਕੀ ਕੀਤਾ? (ਆਇਤ ਤੋ ਦੇਖੋ)
- ਪਰਮੇਸ਼ਵਰ ਨੇ ਉਸ ਜ਼ਾਦੂਗਰ ਨੂੰ ਕਿਵੇਂ ਰੋਕਿਆ, ਜਿਹੜਾ ਕਿ ਲੋਕਾਂ ਨੂੰ ਯਿਸ਼ੂ ਦੇ ਬਾਰੇ ਜਾਨਣ ਤੋਂ ਰੋਕ ਰਿਹਾ ਸੀ? (ਆਇਤ 11)
- ਲੋਕ ਆਪਣੇ ਪਾਪਾਂ ਨੂੰ ਕਿਵੇਂ ਮਾਫ ਕਰਾ ਸਕਦੇ ਹਨ? (38)
- ਕਿਹੜੇ ਸਮੂੰਹ ਦੇ ਲੋਕਾਂ ਨੇ ਸ਼ੁੱਭ ਸੰਦੇਸ਼ ਦਾ ਵਿਰੋਧ ਕੀਤਾ? (45-46)
- ਜਦੋ ਬਰਨਾਬਾਸ ਅਤੇ ਪੋਲੂਸ ਨੂੰ ਸ਼ਹਿਰ ਵਿੱਚ ਕੱਢ ਦਿੱਤਾ ਗਿਆ ਤੱਦ ਉਹਨਾਂ ਨੇ ਕੀ ਕੀਤਾ ? (51)

ਕਹਾਣੀ ਦੇ ਹਿੱਸਿਆ ਦਾ ਨਾਟਕ ਤਿਆਰ ਕਰੋ।

- ਮੁੱਖ ਕਲੀਸੀਆਂ ਦੇ ਅਗੁਵੇ ਨਾਲ ਮਿਲ ਕੇ, ਨਾਟਕ ਅਰਾਧਨਾ ਦੇ ਦੌਰਾਨ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਆਪਣੇ ਸਮੇ ਨੂੰ ਬੱਚਿਆਂ ਨੂੰ ਨਾਟਕ ਤਿਆਰ ਕਰਾਉਣ ਵਿੱਚ ਲਗਾਉ।
- ਤੁਹਾਨੂੰ ਸਾਰੇ ਹਿੱਸੇ ਕਰਣ ਦੀ ਲੋੜ ਨਹੀ ਹੈ।
- ਵੱਡੇ ਬੱਚੇ ਛੋਟਿਆਂ ਨੂੰ ਤਿਆਰੀ ਕਰਨ ਵਿੱਚ ਮੱਦਦ ਕਰਣ।
- ਵੱਡੇ ਬੱਚੇ ਜਾ ਬਾਲਿਗਾਂ ਇਹ ਹਿੱਸੇ ਕਰਨ, ਪੋਲੂਸ ਅਤੇ ਵਾਚਕ।
- ਛੋਟਿਆ ਨੂੰ ਇਹ ਹਿੱਸੇ ਕਰਨ ਲਈ ਦਿਉ

**ਬਰਨਾਬਾਸ,**

**ਡਿਪਟੀ,**

**ਜਾਦੂਗਰ,**

**ਮਸੀਹੀ,**

**ਯਹੂੰਦੀ,**

**ਗੈਰ ਕੌਮ**

## ਨਾਟਕ ਦਾ ਪਹਿਲਾ ਹਿੱਸਾ ਰਸੂੰਲਾ ਦੇ ਕਰਤਬ 13:1-3

**ਵਾਚਕ**:- 1-3 ਵਿੱਚੋ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੋ, ''ਸੁਣੋ ਮਸੀਹ ਕੀ ਆਖਦੇ ਹਨ।''

**ਮਸੀਹ** ''ਇਹ ਬੜਾ ਚੰਗਾ ਹੈ, ਵਰਤ ਰੱਖਣਾ ਅਤੇ ਇੱਕਠੇ ਹੋ ਕੇ ਪਰਮੇਸ਼ਵਰ ਦੀ ਪ੍ਰਾਰਥਨਾ ਕਰਨਾ।''

''ਪਵਿਤਰ ਆਤਮਾ ਨੇ ਸਾਨੂੰ ਆਖਿਆ ਹੈ ਕਿ ਅਸੀ ਧਰਮ ਪਰਚਾਰਿਕਾ ਨੂੰ ਘੱਲੀਏ।''

''ਪਰਮੇਸ਼ਵਰ ਨੇ ਸਾਨੂੰ ਦੱਸਿਆ ਹੈ ਕਿ ਅਸੀ ਪੋਲੂਸ ਅਤੇ ਬਰਨਾਬਾਸ ਨੂੰ ਘੱਲੀਏ।''

**ਬਰਨਾਬਾਸ**: ''ਹਾਂ! ਅਸ਼ੀ ਸ਼ੁੱਭ ਸੰਦੇਸ਼ ਨੂੰ ਨਵੀ ਜਗਾਵਾਂ ਤੇ ਲੈ ਕੇ ਜਾਵਾਗੇ।''

ਜਿਹੜੇ ਕੇ ਪਰਮੇਸ਼ਵਰ ਨੂੰ ਆਖਦੇ ਹਨ ਕਿ ਤੁਹਾਡੇ ਵਾਂਗ ਝੁੰਡਾ ਨੂੰ ਭੇਜ ਕੇ ਉਨਾ ਦੀ ਮੱਦਦ ਕਰਨ ਸ਼ੁੱਭ ਸੰਦੇਸ਼ ਦੱਸਣ ਅਤੇ ਨਵੀਆਂ ਪੈਦਾਵਾਰ ਕਲੀਸੀਆਵਾਂ ਨੂੰ ਸ਼ੁਰੂ ਕਰਣ।

**ਮਸੀਹੀ** :- ''ਗੋਡੇ ਇਥੇ ਟੇਕੋ।''

''ਅਸੀ ਤੁਹਾਡੇ ਉੱਤੇ ਹੱਥ ਰੱਖ ਕੇ ਪ੍ਰਾਰਥਨਾ ਕਰਾਂਗੇ।

''ਇਹ ਤੁਹਾਨੂੰ ਉੱਥੇ ਘਲੇਗਾ ਜਿੱਥੇ ਵੀ ਪਰਮੇਸ਼ਵਰ ਤੁਹਾਨੂੰ ਲੈ ਕੇ ਜਾਣਾ ਚਾਹੁੰਦਾ ਹੈ।''

**ਪੋਲੂਸ ਅਤੇ ਬਰਨਾਬਾਸ** :- ਗੋਡੇ ਟੇਕਣ

**ਮਸੀਹ** : ਪੋਲੂਸ ਅਤੇ ਬਰਨਾਬਾਸ ਉੱਤੇ ਹੱਥ ਰੱਖਣ ਅਤੇ ਉਨ੍ਹਾ ਲਈ ਪ੍ਰਾਰਥਨਾ ਕਰਨ।

**ਪੋਲੂਸ ਅਤੇ ਬਰਨਾਬਾਸ** :- ਇੱਕ ਪਾਸੇ ਵੱਲ ਤੁਰਨ।

## ਹਿੱਸਾ 2 ਰਸੂੰਲਾ ਦੇ ਕਰਤਬ 13:4-12

**ਵਾਚਕ** :- (ਆਇਤਾ 4-12) ਵਿੱਚੋ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੇ, ਆਖੇ, ''ਸੁਣੋ ਰੋਮੀ ਡਿਪਟੀ (ਸੂਬੇਦਾਰ) ਕੀ ਕਹਿੰਦਾ ਹੈ?''

**ਡਿਪਟੀ** :- ਜਾਉ ਅਤੇ ਪੋਲੂਸ ਨੂੰ ਲੈ ਕੇ ਆਉ! ਮੈ ਯੀਸ਼ੂ ਦੇ ਬਾਰੇ ਵਿੱਚ ਸੁਣਨਾ ਚਾਹੁੰਦਾ ਹਾਂ।''

**ਜਾਦੂਗਰ**: ''ਨਹੀ ਸ਼੍ਰੀਮਾਨ, ਪੋਲੂਸ ਨੂੰ ਨਾ ਬੁਲਾਉ। ਤੁਹਾਨੂੰ ਉਹਦੇ ਝੂਠੇ (ਗਲਤ) ਸੰਦੇਸ਼ ਨਹੀ ਸੁਣਨੇ ਚਾਹੀਦੇ।''

**ਪੋਲੂਸ** : ''ਜ਼ਾਦੂਗਰ, ਤੂੰ ਇੰਨਾ ਆਦਮੀਆ ਨੂੰ ਧੋਖਾ ਦੇਣਾ ਚਾਹਦਾ ਹਾ ਪਰਮੇਸ਼ਵਰ ਤੈਨੂੰ ਅੰਨਾ ਕਰ ਦਿਉਗਾ।

**ਜਾਦੂਗਰ**:- ਇੱਧਰ ਉੱਧਰ ਲੜਖੜਾਦੇ ਹੋਏ, ''ਆਪਣੇ ਹੱਥਾਂ ਨੂੰ ਅੱਖਾ ਉੱਤੇ ਰੱਖਦੇ ਹੋਏ, ਆਖਦਾ ਹੈ, ''ਮੈ ਵੇਖ ਨਹੀ ਸਕਦਾ। ਬੇਨਤੀ ਕਰਕੇ ਮੇਰਾ ਹੱਥ ਫੜ ਲਉ।''

**ਡਿਪਟੀ** ''ਪੋਲੂਸ ਤੇਰਾ ਪਰਮੇਸ਼ਵਰ ਤਾਂ ਇਸ ਜਾਦੂਗਰ ਦੇ ਦੇਵਤਾਂ ਤੋ ਜਿਆਦਾ ਸ਼ਕਤੀਸ਼ਾਲੀ ਹੈ। ਮੈ ਤੁਹਾਡੇ ਪਰਮੇਸ਼ਵਰ ਦੇ ਬਾਰੇ ਵਿੱਚ ਹੋਰ ਜਿਆਦਾ ਜਾਣਨਾ ਚਾਹੁੰਦਾ ਹਾਂ।''

## ਹਿੱਸਾ 3, ਰਸੂੰਲਾਂ ਦੇ ਕਰਤਬ 13:13-16 ਅਤੇ 32-52

**ਵਾਚਕ** :- ਆਇਤਾ 13-16 ਅਤੇ 32-52 ਪੜ੍ਹ ਕੇ ਕਹਾਣੀ ਨੂੰ ਖਤਮ ਕਰੇ। ਤੇ ਆਖੇ, ''ਸੁਣੋ ਪੋਲੂਸ ਕੀ ਕਹਿੰਦਾ ਹੈ?''

**ਪੋਲੂਸ**:- ''ਯਿਸ਼ੂ ਦੇ ਸ਼ੁੱਭ ਸੰਦੇਸ਼ ਦੇ ਬਾਰੇ ਸੁਣੋ। ਪਰਮੇਸ਼ਵਰ ਨੇ ਉਹਨੂੰ ਮੁਰਿਦਿਆਂ ਵਿੱਚੋ ਜਿਉਂਦਾ ਕੀਤਾ। ਉਹ ਤੁਹਾਡੇ ਪਾਪਾਂ ਨੂੰ ਮਾਫ ਕਰ ਦੇਵੇਗਾ।''

**ਯਹੂੰਦੀ**: ''ਇਸ ਸ਼ੁਦਾਈ ਦੀ ਨਾ ਸੁਣੋ।''

**ਬਰਨਾਬਾਸ**:- ''ਸਾਨੂੰ ਪਹਿਲਾਂ ਤਾਂ ਤੁਹਾਡੇ ਨਾਲ ਹੀ ਗੱਲ ਕਰਨੀ ਚਾਹੀਦੀ ਹੈ, ਪਰ ਤੁਸੀਂ ਯਿਸ਼ੂ ਦਾ ਵਿਰੋਧ ਕੀਤਾ। ਹੁਣ ਅਸੀ ਗੈਰ ਕੌਮ ਨਾਲ ਗੱਲਾ ਕਰਾਗੇ। ਜਿਹੜੇ ਕਿ ਯਹੂੰਦੀ ਨਹੀ ਹਨ।''

**ਗੈਰ ਕੌਮ**:- ''ਅਸੀ ਖੁਸ਼ ਹਾਂ ਕਿ ਪਰਮੇਸ਼ਵਰ ਨੇ ਤੁਹਾਨੂੰ ਸਾਡੇ ਕੋਲ ਘੱਲਿਆ।''

''ਸਾਨੂੰ ਯੀਸ਼ੂ ਬਾਰੇ ਹੋਰ ਦੱਸੋ ਅਸੀ ਉਹਦੇ ਵਿੱਚ ਵਿਸ਼ਵਾਸ ਕਰਦੇ ਹਾਂ।''

**ਯਹੂੰਦੀ**: ''ਸਾਨੂੰ ਜਰੂਰ ਇੰਨਾ ਆਦਮੀਆ ਨੂੰ ਸ਼ਹਿਰ ਵਿੱਚੋ ਬਾਹਰ ਕੱਢ ਦੇਣਾ ਚਾਹੁੰਦੇ ਹੈ।''

ਬਰਨਾਬਾਸ ਅਤੇ ਪੌਲੁਸ ਨੂੰ ਧੱਕਾ ਮਾਰਦੇ ਹੋਏ। ਤੇ ਆਪਣੀਆਂ ਜੁੱਤੀਆਂ ਦੀ ਮਿੱਟੀ ਝਾੜਦੇ ਹੋਏ, ਉਹ ਉੱਥੋ ਤੁਰ ਜਾਂਦੇ ਹਨ।

**ਬਰਨਾਬਾਸ ਅਤੇ ਪੌਲੁਸ**:- ਆਪਣੇ ਪੈਰਾ ਦੀ ਮਿੱਟੀ ਝਾੜੋ ਅਤੇ ਉਥੋ ਤੁਰ ਜਾਉ।

**ਵਾਚਕ ਜਾ ਵੱਡਾ ਬੱਚਾ**:- ਹਰੇਕ ਦਾ ਧੰਨਵਾਦ ਕਰੇ ਜਿੰਨਾ ਨੇ ਇਸ ਨਾਟਕ ਵਿੱਚ ਮੱਦਦ ਕੀਤੀ ਹੈ। ਅਤੇ ਬਾਲਿਗਾ ਦਾ ਸੁਣਨ ਵਾਸਤੇ ਧੰਨਵਾਦ ਕਰੋ।



ਇੱਕ ਪੈਰ ਦੀ ਤਸਵੀਰ ਬਣਾਉ। ਬੱਚੇ ਇਹਦੀ ਨਕਲ ਕਰਣ। ਆਉਣ ਵਾਲੀ ਬਾਲਿਗਾਂ ਦੀ ਅਰਾਧਨਾ ਵਿੱਚ ਇਹਨੂੰ ਦਿਖਾਣ ਅਤੇ ਸਮਝਾਉਣ ਇਹ ਸਾਨੂੰ ਦੱਸਦੀ ਹੈ ਕਿਵੇ ਪਰਮੇਸ਼ਵਰ ਸਾਨੂੰ ਨਵੀਆਂ ਜਗਾਵਾਂ ਤੇ ਲੋਕਾਂ ਨੂੰ ਲੱਭਣ ਵਾਸਤੇ ਭੇਜਦਾ ਹੈ ਜਿਹੜੇ ਕੇ ਯਿਸ਼ੂ ਦੇ ਸ਼ੁੱਭ ਸੰਦੇਸ਼ ਨੂੰ ਸੁਣਨਾ ਚਾਹਦੇ ਹਨ। ਵੱਡੇ ਬੱਚੇ ਛੋਟਿਆਂ ਦੀ ਮੱਦਦ ਕਰਣ।

ਪੌਲੁਸ ਅਤੇ ਬਰਨਾਬਾਸ ਦੀ ਕਹਾਣੀ ਬਾਰੇ ਪ੍ਰਸ਼ਨ ਪੁੱਛੋ।

- ਬੱਚਿਆਂ ਕੋਲੋ ਪੁੱਛੋ, ''ਲੋਕਾਂ ਦੀਆਂ ਹੋਰ ਕਿਹੜੀਆਂ ਉਦਾਹਰਣਾ ਹਨ, ਜਿਹੜੇ ਕਿ ਨਵੀਆਂ ਜਗਾਵਾਂ ਤੇ ਉਨ੍ਹਾਂ ਵਾਸਤੇ ਸ਼ੁੱਭ ਸੰਦੇਸ਼ ਲੈ ਕੇ ਗਏ?''
- ਬੱਚਿਆਂ ਨੂੰ ਉਦਾਹਰਣਾ ਦੇਣ ਦਿਉ।
- ਜੇਕਰ ਬੱਚੇ ਇਸ ਕਹਾਣੀ ਦਾ ਨਾਟਕ ਬਾਲਿਗਾਂ ਲਈ ਕਰਨਾ ਚਾਹਦੇ ਹਨ। ਤਾਂ ਉਨ੍ਹਾਂ ਨੂੰ ਬਾਲਿਗਾਂ ਕੋਲੋ ਇਹ ਪ੍ਰਸ਼ਨ ਪੁੱਛਣ ਦਿਉ।
- ਬਾਲਿਗਾਂ ਕੋਲੋ ਬੱਚੇ ਸੂਚੀ ਮੰਗਣ ਜਿਹੜੀ ਪਹਿਲੇ ਸਫੇ ਤੇ ਦਿੱਤੀ ਗਈ ਹੈ, ਵਿੱਚੋ ਵੀ ਪ੍ਰਸ਼ਨ ਪੁੱਛਣ ਦਿਉ।

ਯਾਦ ਕਰੋ ਯਹੋਸ਼ੂਆ 1:9

**ਕਵਿਤਾ ਦੋਹਰਾਉ**: ਚਾਰ ਬੱਚੇ, ਹਰੇਕ ਬੱਚਾ ਇੱਕ ਇੱਕ ਆਇਤ ਦੁਹਰਾਏ, ਜ਼ਬੂਰਾਂ ਦੀ ਪੋਥੀ 29:1-14 ਵਿੱਚੋ।

ਵੱਡੇ ਬੱਚੇ ਕਵਿਤਾ, ਗੀਤ, ਛੋਟੀ ਕਹਾਣੀ, ਉਨ੍ਹਾਂ ਲੋਕਾਂ ਬਾਰੇ ਲਿੱਖਣ, ਜਿਹੜੇ ਕਿ ਸ਼ੁੱਭ ਸੰਦੇਸ਼ ਨੂੰ ਦੂਰ ਜਗਾਵਾਂ ਤੇ ਲੈ ਕੇ ਗਏ। ਉਹ ਇਹਨੂੰ ਹਫਤੇ ਦੇ ਵਿੱਚ ਕਰ ਸਕਦੇ ਹਨ।

**ਪ੍ਰਾਥਨਾ**:- ''ਪਿਆਰੇ ਪਰਮੇਸ਼ਵਰ, ਤੁਸੀ ਬਰਨਾਬਾਸ ਅਤੇ ਪੌਲੁਸ ਦੀ ਤਰ੍ਹਾਂ ਹੋਰਨਾ ਲੋਕਾਂ ਨੂੰ ਵੀ ਉਨ੍ਹਾਂ ਲੋਕਾਂ ਕੋਲੋ ਘੱਲਣਾ ਚਾਹੁੰਦੇ ਹਾਂ, ਉਹ ਜਿਹੜੇ ਤੁਹਾਨੂੰ ਜਾਣਦੇ ਨਹੀ ਹਨ। ਆਪਣੀ ਅਵਾਜ ਸੁਣਨ ਵਿੱਚ ਸਾਡੀ ਮੱਦਦ ਕਰੋ। ਜਦੋ ਤੁਸੀ ਸਾਨੂੰ ਜਾਣ ਵਾਸਤੇ ਆਖਦੇ ਹੋ, ਸਾਨੂੰ ਆਪਣੀ ਪਵਿੱਤਰ ਆਤਮਾ ਨਾਲ ਭਰ ਦਿਉ, ਤਾ ਕਿ ਅਸੀ ਠੀਕ ਠਾਕ ਪੁੱਜ ਜਾਈਏ, ਪੌਲੁਸ ਅਤੇ ਬਰਨਾਬਾਸ ਦੀ ਤਰ੍ਹਾਂ ਬਹਾਦਰੀ ਨਾਲ ਸ਼ੁੱਭ ਸੰਦੇਸ਼ ਬਾਰੇ ਦੱਸ ਸਕੀਏ।''

Copyright 2004 © by Paul-Timothy. May be freely copied. Download from www.Paul-Timothy.net